

ਵਾਈਸ ਚਾਂਸਲਰ ਸ. ਬਲਦੇਵ ਸਿੰਘ ਢਿੱਲੋਂ ਅਤੇ ਡਾ. ਕੇ. ਡੀ. ਕੋਕਾਟੇ ਸਾਬਕਾ ਡਿਪਟੀ ਡਾਇਰੈਕਟਰ ਜਨਰਲ ਨਵੀਂ ਦਿੱਲੀ ਕੋਲੋਂ ਸ. ਕੁਲਵਰਨ ਸਿੰਘ ਅਟਵਾਲ 'ਪ੍ਰਵਾਸੀ ਭਾਰਤੀ ਪੁਰਸਕਾਰ' ਹਾਸਲ ਕਰਦੇ ਹੋਏ। ਸਾਬਕਾ ਨਿਰਦੇਸ਼ਕ ਪਸਾਰ ਸਿੱਖਿਆ ਸ. ਮੁਖਤਾਰ ਸਿੰਘ ਗਿੱਲ ਨਾਲ ਖੜ੍ਹੇ ਹਨ।

## ਨਵੀਂ ਸੋਚ ਦੇ ਧਾਰਨੀ
## ਸ. ਕੁਲਵਰਨ ਸਿੰਘ ਅਟਵਾਲ

ਜਲੰਧਰ ਜ਼ਿਲ੍ਹੇ ਦੇ ਪਿੰਡ ਭੀਖਾ ਨੰਗਲ ਵਾਸੀ ਸ. ਕੁਲਵਰਨ ਸਿੰਘ ਅਟਵਾਲ ਸਪੁੱਤਰ ਸ. ਜਸਵੰਤ ਸਿੰਘ ਅਟਵਾਲ ਨੇ ਆਪਣੀ ਜੱਦੀ ਪੁਸ਼ਤੀ 32 ਏਕੜ ਦੀ ਖੇਤੀ ਵਿੱਚ ਫ਼ਲ, ਫੁੱਲ, ਸਬਜ਼ੀਆਂ, ਆਲੂ, ਝੋਨਾ, ਕਣਕ ਆਦਿ ਫ਼ਸਲਾਂ ਨੂੰ ਅਪਣਾ ਕੇ ਵਿੱਲਖਣ ਮਿਸਾਲ ਕਾਇਮ ਕੀਤੀ ਹੈ। ਜਲੰਧਰ ਦੇ ਡੀ ਏ ਵੀ ਕਾਲਜ ਤੋਂ ਗਰੈਜੁਏਸ਼ਨ ਦੀ ਡਿਗਰੀ ਹਾਸਲ ਕਰਨ ਤੋਂ ਬਾਅਦ ਸ. ਅਟਵਾਲ ਨੇ ਖੇਤੀ ਕਿੱਤੇ ਨੂੰ ਮੁੱਖ ਧੰਦੇ ਵਜੋਂ ਅਪਣਾਇਆ । ਮੁੱਢ ਤੋਂ ਹੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ, ਜਲੰਧਰ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਸਲਾਹਕਾਰ ਕੇਂਦਰ ਤੋਂ ਸੇਧਾਂ ਲੈ ਕੇ ਸ. ਅਟਵਾਲ ਨਵੀਆਂ ਤਕਨੀਕਾਂ ਤੋਂ ਜਾਣੂ ਹੋਣ ਲਈ ਕਈ ਤਰ੍ਹਾਂ ਦੀਆਂ ਸਿਖਲਾਈਆਂ ਪ੍ਰਾਪਤ ਕਰ ਚੁੱਕੇ ਹਨ । ਗਿਆਨ ਪ੍ਰਾਪਤੀ ਦੀ ਜਗਿਆਸਾ ਇੱਥੇ ਤੱਕ ਹੀ ਸੀਮਿਤ ਨਹੀਂ ਸੀ ਆਪਣੀ ਸੰਤੁਸ਼ਟੀ ਲਈ ਸ. ਅਟਵਾਲ ਮਹਾਰਾਸ਼ਟਰਾ, ਪੱਛਮੀ ਬੰਗਾਲ, ਹਰਿਆਣਾ ਅਤੇ ਦੇਸ਼ ਦੇ ਹੋਰ ਸੂਬਿਆਂ ਵਿੱਚ ਫੇਰੀਆਂ ਪਾਉਣ ਤੋਂ ਇਲਾਵਾ ਇੰਗਲੈਂਡ, ਅਮਰੀਕਾ ਅਤੇ ਇਜ਼ਰਾਈਲ ਵਰਗੇ ਮੁਲਕਾਂ ਦਾ ਦੌਰਾ ਵੀ ਕਰ ਚੁੱਕੇ ਹਨ । ਸ. ਅਟਵਾਲ ਨੇ ਕਈ ਕੌਮਾਂਤਰੀ ਅਤੇ ਅੰਤਰਰਾਸ਼ਟਰੀ ਅਦਾਰਿਆਂ ਤੋਂ ਨਵੀਆਂ ਤਕਨੀਕਾਂ ਸੰਬੰਧੀ ਜਾਣਕਾਰੀ ਹਾਸਲ ਕੀਤੀ ਅਤੇ ਸਥਾਨਕ ਹਾਲਤਾਂ ਅਨੁਸਾਰ ਉਨ੍ਹਾਂ ਨੂੰ ਆਪਣੇ ਖੇਤਾਂ ਵਿੱਚ ਢਾਲਣ ਤੋਂ ਬਾਅਦ ਲਾਗੂ ਕੀਤਾ।

ਸ. ਅਟਵਾਲ ਵੱਲੋਂ ਰਵਾਇਤੀ ਖੇਤੀ ਤੋਂ ਹਟ ਕੇ ਪੌਲੀ ਹਾਊਸ ਵਿੱਚ ਫੁੱਲਾਂ ਦੀ ਖੇਤੀ ਕੀਤੀ ਜਾਂਦੀ ਹੈ । ਕੁਦਰਤੀ ਸੋਮਿਆਂ ਦੇ ਚੰਗੇਰੇ ਰੱਖ ਰਖਾਵ ਲਈ ਸ. ਅਟਵਾਲ ਵੱਲੋਂ ਆਪਣੇ ਖੇਤ ਵਿੱਚ ਲਗਾਏ ਪੌਲੀ ਹਾਊਸ ਵਿੱਚ ਸਵੈ ਚਲਿਤ ਤੁਪਕਾ ਸਿੰਚਾਈ ਪ੍ਰਣਾਲੀ ਲਗਾਈ ਹੋਈ ਹੈ । ਇਸ ਰਾਹੀਂ ਫੁੱਲਾਂ ਦੇ ਹਰ ਇੱਕ ਬੂਟੇ ਨੂੰ ਅਨੁਪਾਤ ਦੇ ਹਿਸਾਬ ਨਾਲ ਬਰਾਬਰ ਖਾਦ ਅਤੇ ਪਾਣੀ ਕੰਪਿਊਟਰ ਦੁਆਰਾ ਨਿਰਧਾਰਤ ਤਰੀਕੇ ਨਾਲ ਪਹੁੰਚਾਈ ਜਾ ਸਕਦੀ ਹੈ । ਇਸ ਨਾਲ ਫੁੱਲਾਂ ਦੀ ਪੈਦਾਵਾਰ ਇਕਸਾਰ ਹੁੰਦੀ ਹੈ ਅਤੇ ਮੰਡੀ ਵਿੱਚ ਉਸਦਾ ਭਾਅ ਚੰਗੇਰਾ ਮਿਲਦਾ ਹੈ । ਸ. ਅਟਵਾਲ ਵੱਲੋਂ ਪਾਣੀ ਦੀ ਸੁਚੱਜੀ ਵਰਤੋਂ ਲਈ ਸਾਰੇ ਖੇਤ

ਲੇਜ਼ਰ ਕਰਾਹੇ ਨਾਲ ਪੱਧਰੇ ਕੀਤੇ ਗਏ ਹਨ ਅਤੇ 25 ਏਕੜ ਦੇ ਰਕਬੇ ਵਿੱਚ ਜ਼ਮੀਨ ਹੇਠਾਂ ਪਾਇਪਾਂ ਵਿਛਾਈਆਂ ਗਈਆਂ ਹਨ । ਇਸ ਤੋਂ ਇਲਾਵਾ ਉਹਨਾਂ ਵੱਲੋਂ ਸੂਰਜੀ ਊਰਜਾ ਨਾਲ ਚੱਲਣ ਵਾਲਾ ਦੋ ਹਾਰਸ ਪਾਵਰ ਦਾ ਟਿਊਬਵੈੱਲ ਪਿਛਲੇ ਕਈ ਵਰ੍ਹਿਆਂ ਤੋਂ ਚਲਾਇਆ ਜਾ ਰਿਹਾ ਹੈ । ਉਨ੍ਹਾਂ ਵੱਲੋਂ ਮਿੱਟੀ ਪਰਖ਼ ਦੇ ਆਧਾਰ ਤੇ ਖਾਦਾਂ ਦੀ ਵਰਤੋਂ ਕੀਤੀ ਜਾਂਦੀ ਹੈ । ਜਿਸ ਨਾਲ ਖਾਦਾਂ ਦੀ ਸੁਚੱਜੀ ਵਰਤੋਂ ਕਰਨਾ ਸੰਭਵ ਹੁੰਦਾ ਹੈ । ਉਨ੍ਹਾਂ ਨੂੰ ਅਨੇਕਾਂ ਕੌਮਾਂਤਰੀ ਪੱਧਰ ਦੀਆਂ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ ।

ਸ. ਅਟਵਾਲ ਵੱਲੋਂ ਪੌਲੀ ਹਾਊਸ ਤੋਂ ਇਲਾਵਾ ਫੁੱਲਾਂ ਦੀ ਦਰਜਾਬੰਦੀ ਕਰਨ ਦੀ ਇਕ ਇਕਾਈ ਵੀ ਸਥਾਪਿਤ ਕੀਤੀ ਗਈ ਹੈ ਜਿਥੇ ਤੁੜਾਈ ਤੋਂ ਬਾਅਦ ਦਰਜਾਬੰਦੀ ਕਰਨ ਤੋਂ ਉਪਰੰਤ ਫੁੱਲ ਮੰਡੀ ਭੇਜ ਦਿੱਤੇ ਜਾਂਦੇ ਹਨ । ਸ. ਅਟਵਾਲ ਅਨੁਸਾਰ ਫੁੱਲਾਂ ਦੀ ਖੇਤੀ ਤੋਂ ਉਹ ਰਵਾਇਤੀ ਫ਼ਸਲਾਂ ਦੇ ਮੁਕਾਬਲੇ ਤਿੰਨ ਗੁਣਾ ਮੁਨਾਫ਼ਾ ਲੈ ਰਹੇ ਹਨ। ਸ. ਕੁਲਵਰਨ ਸਿੰਘ ਅਟਵਾਲ ਇਹ ਗਿਆਨ ਆਤਮਾ ਸਕੀਮ ਦੀ ਸਹਾਇਤਾ ਨਾਲ ਆਪਣੇ ਇਲਾਕੇ ਦੇ ਕਿਸਾਨਾਂ ਦਾ ਮਾਰਗ-ਦਰਸ਼ਨ ਵੀ ਕਰਦੇ ਹਨ । ਉਨ੍ਹਾਂ ਵੱਲੋਂ ਸਥਾਪਿਤ ਖੇਤੀਬਾੜੀ ਦੇ ਗਿਆਨ-ਵਿਗਿਆਨ ਦੇ ਸੁਮੇਲ ਨਾਲ ਤਿਆਰ ਕੀਤੇ ਨਮੂਨੇ, ਖਿੱਚ ਦਾ ਕੇਂਦਰ ਬਣ ਚੁੱਕੇ ਹਨ, ਜਿਨ੍ਹਾਂ ਨੂੰ ਦੇਖਣ ਲਈ ਕਈ ਨਾਮੀ ਸਖਸ਼ੀਅਤਾਂ ਸ. ਅਟਵਾਲ ਦੇ ਖੇਤਾਂ ਦਾ ਦੌਰਾ ਕਰ ਚੁੱਕੀਆਂ ਹਨ । ਵਿਗਿਆਨ ਦੇ ਨਾਲ ਹਿੰਮਤ ਅਤੇ ਨਵਾਂ ਸੋਚਣ ਦੀ ਸ਼ਕਤੀ ਦਾ ਸੁਮੇਲ ਵੇਖਣਾ ਹੋਵੇ ਤਾਂ ਸ. ਕੁਲਵਰਨ ਸਿੰਘ ਅਟਵਾਲ ਨੂੰ ਵੇਖਿਆ ਜਾ ਸਕਦਾ ਹੈ ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨੇ ਸਾਲ 2013 ਲਈ ਸ. ਕੁਲਵਰਨ ਸਿੰਘ ਅਟਵਾਲ ਨੂੰ ਖੇਤੀ ਵਿਭਿੰਨਤਾ ਅਤੇ ਖੇਤੀ ਕਾਰਜਾਂ ਵਿੱਚ ਨਵੇਂ ਉੱਦਮਾਂ ਲਈ ਪ੍ਰਵਾਸੀ ਭਾਰਤੀ ਪੁਰਸਕਾਰ ਪ੍ਰਦਾਨ ਕੀਤਾ ਹੈ । ਇਹ ਵੱਕਾਰੀ ਪੁਰਸਕਾਰ ਹਾਸਲ ਕਰਨ ਵਾਲੇ ਸ. ਅਟਵਾਲ ਮਿਸਾਲੀ ਕਿਸਾਨਾਂ ਦੀ ਕਤਾਰ ਵਿੱਚ ਖੜਾ ਹੋਏ ਹਨ ਅਤੇ ਇਲਾਕੇ ਦੇ ਹੋਰ ਕਿਸਾਨਾਂ ਲਈ ਪ੍ਰੇਰਨਾ ਸਰੋਤ ਵਜੋਂ ਉੱਭਰ ਕੇ ਸਾਹਮਣੇ ਆਏ ਹਨ ।